

# ਸ਼ਾਨੇ ਖ਼ਾਤਾਮੁਲ ਅੰਬਿਆ
# ਸਲੱਲਾਹੁ ਅਲੈਹਿ ਵਸਲੱਮ

ਅੰਤਰ ਰਾਸ਼ਟਰੀ ਅਹਮਦੀਆ ਮੁਸਲਿਮ ਜਮਾਤ ਦੇ ਬਾਨੀ
ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਮਸੀਹ ਮੌਊਦ
ਵ ਮਹਦੀ ਮੌਊਦ ਅਲੈਹਿ ਸਲਾਮ ਦੀ ਦ੍ਰਿਸ਼ਟੀ ਵਿੱਚ

شانِ خاتم الانبیاء صَلَّی اللّٰہُ عَلَیْہِ وَسَلَّم

حضرت مرزا غلام احمد قادیانی مسیح موعود علیہ السلام بانی احمدیہ مسلم جماعت کی نظر میں

# ਸ਼ਾਨੇ ਖ਼ਾਤਾਮੁਲ ਅੰਬਿਆ ਸਅਵ

## ਵਿਸ਼ਵਵਿਆਪੀ ਅਹਮਦੀਆ ਮੁਸਲਿਮ ਜਮਾਤ ਦੇ ਬਾਨੀ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਮਸੀਹ ਮੌਊਦ ਅਲੈਹਿ ਸਲਾਮ ਦੀ ਦ੍ਰਿਸ਼ਟੀ ਵਿੱਚ

ਅਨੁਵਾਦਕ : ਗਿਆਨੀ ਸ਼ਮਸ਼ਾਦ ਅਹਮਦ ਅਦਨ
ਪ੍ਰਕਾਸ਼ਕ : ਨਜ਼ਾਰਤ ਨਸ਼ਰੋ ਇਸ਼ਾਅਤ
ਸਦਰ ਅਜੁੰਮਨ ਅਹਮਦੀਆ ਕਾਦੀਆਂ–143516,
ਜ਼ਿਲਾ ਗੁਰਦਾਸਪੁਰ, ਪੰਜਾਬ, ਭਾਰਤ
ਸੰਸਕਰਣ ਪਹਿਲਾ : ਜਨਵਰੀ 2017
ਸੰਖਿਆ : 500
ਛਾਪਕ : ਫ਼ਜ਼ਲੇ ਉਮਰ ਪ੍ਰਿੰਟਿਗ ਪ੍ਰੈਸ ਕਾਦੀਆਂ

Name of Book : SHAN-E- KHATAMUL ANBYA saw
(Punjabi Translation)
Translated BY : Giyani Shamshad Ahmad eden
Published By : Nazarat Nashro Ishaat
Sadr Anjuman Ahmadiyya Qadian-13516,
Dstrict-Gurdaspur, Punjab (INDIA)

Addition First : JAN. 2017
Copies : 500
Printed At : Fazle Umar Printing Press Qadian

# ਸ਼ਾਨੇ ਖ਼ਾਤਾਮੁਲ ਅੰਬਿਆ
# ਸਲਲੱਾਹੁ ਅਲੈਹਿ ਵਸਲੱਮ

## ਅੰਤਰ ਰਾਸ਼ਟਰੀ ਅਹਮਦੀਆ ਮੁਸਲਿਮ ਜਮਾਤ ਦੇ ਬਾਨੀ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਮਸੀਹ ਮੌਊਦ ਵ ਮਹਦੀ ਮੌਊਦ ਅਲੈਹਿ ਸਲਾਮ ਦੀ ਦ੍ਰਿਸ਼ਟੀ ਵਿੱਚ

ਬਾਨੀ ਜਮਾਤ ਅਹਮਦੀਆ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਮਸੀਹ ਮਊਦ ਵ ਮਹਦੀ ਮਊਦ ਅਲੈਹਿ ਸਲਾਮ ਨੂੰ ਜੇਕਰ ਕਿਸੇ ਵਜੂਦ ਨਾਲ ਮੁਹਬੱਤ, ਪ੍ਰੇਮ ਜਾਂ ਇਸ਼ਕ ਸੀ ਤਾਂ ਉਹ ਰੱਬ ਮਗਰੋਂ ਕੇਵਲ ਤੇ ਕੇਵਲ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੋ ਅਲੈਹਿ ਵਸਲੱਮ ਦੇ ਵਜੂਦੇ ਕਾਮਲ ਨਾਲ ਸੀ । ਆਪ ਆਪਣੇ ਫ਼ਾਰਸੀ ਦੇ ਕਲਾਮ ਦੇ ਇਕ ਸ਼ੇਅਰ ਵਿੱਚ ਇਉ ਫ਼ਰਮਾਉਂਦੇ ਹਨ :-

ਬਾਦ ਅਜ਼ ਖ਼ੁਦਾ ਬ ਇਸ਼ਕੇ ਮੁਹਮੱਦ ਮੁਖ਼ਮੱਰਮ ।
ਗਰ ਕੁਫ਼ਰ ਈਂ ਬਵਦ ਬ ਖ਼ੁਦਾ ਸਖ਼ਤ ਕਾਫ਼ਰਮ ।।

ਅਰਥਾਤ :- ਰੱਬ ਦੇ ਮਗਰੋਂ ਮੈਂ ਮੁਹਮੱਦ ਮੁਸਤਫ਼ਾ ਸਲਲੱਾਹੋ ਅਲੈਹਿ ਵਸਲੱਮ ਦੇ ਇਸ਼ਕ ਵਿੱਚ ਮਖ਼ਮੂਰ (ਡੁੱਬਿਆ ਹੋਇਆ) ਹਾਂ, ਜੇਕਰ ਇਹ ਇਸ਼ਕ ਕੁਫ਼ਰ ਹੈ ਤਾਂ ਰੱਬ ਦੀ ਸਹੁੰ ਮੈਂ ਸਭ ਤੋਂ ਵੱਡਾ ਕਾਫ਼ਰ ਹਾਂ ।

ਹੁਣ ਲੰਮੀਆਂ ਭੂਮਿਕਾਵਾਂ ਨ ਬਨ੍ਹਦਿਆਂ ਹੋਇਆਂ ਸਿੱਧਿਆਂ ਹੀ ਹਜ਼ਰਤ ਬਾਨੀ ਚਮਾਤ ਅਹਮਦੀਆ ਦੀਆਂ ਬੇਸ਼ੁਮਾਰ ਲਿੱਖਤਾਂ ਵਿੱਚੋਂ ਨਮੂਨੇ ਵੱਜੋਂ ਕੁਝ ਕੁ ਲਿੱਖਤਾਂ ਦੀਆਂ ਉਦਾਹਰਣਾ ਹੇਠਾਂ ਵਰਨਣ ਕੀਤੀਆਂ ਜਾਂਦੀਆਂ ਹਨ । ਜਿੰਨ੍ਹਾ ਵਿੱਚ ਹਜ਼ਰਤ ਖ਼ਾਤਾਮੁਲ ਅੰਬਿਆ ਮੁਹਮੱਦ

ਮੁਸਤਫ਼ਾ ਸਲਲੱਾਹੋ ਅਲੈਹਿ ਵਸਲੱਮ ਦਾ ਸਰਬਉਚ ਤੇ ਬੁਲੰਦ ਮਰਤਬਾ ਪ੍ਰਗਟ ਹੁੰਦਾ ਹੈ । ਜਿਨ੍ਹਾ ਤੋਂ ਇਹ ਸਿੱਧ ਹੁੰਦਾ ਹੈ ਕਿ ਆਪ ਜੀ ਨੂੰ ਆਪਣੇ ਆਕਾ ਤੇ ਸਰਦਾਰ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੋ ਅਲੈਹਿ ਵਸਲੱਮ ਨਾਲ ਕਿੰਨਾਂ ਇਸ਼ਕ ਤੇ ਮੁਹਬੱਤ ਸੀ । ਆਪ ਜੀ ਫ਼ਰਮਾਉਂਦੇ ਹਨ:-

1. "ਸਾਰੀ ਮਨੁਖੱਤਾ ਲਈ ਹੁਣ ਕੋਈ ਰਸੂਲ ਤੇ ਸਹਾਇਕ ਨਹੀਂ ਪਰ ਮੁਹਮੱਦ ਮੁਸਤਫ਼ਾ ਸਲਲੱਾਹੋ ਅਲੈਹਿ ਵਸਲੱਮ । ਇਸ ਲਈ ਤੁਸੀਂ ਜਤਨ ਕਰੋ ਕਿ ਸੱਚੀ ਮੁਹਬੱਤ ਇਸ ਜਾਹੋ ਜਲਾਲ ਵਾਲੇ ਨਬੀ ਨਾਲ ਰੱਖੋ ਅਤੇ ਉਸ ਤੋਂ ਬਿਨਾ ਕਿਸੇ ਹੋਰ ਨੂੰ ਵੱਡਿਆਈ ਨ ਦਿਓ ਤਾਂ ਜੋ ਤੁਸੀਂ ਅਕਾਸ਼ ਉਪੱਰ ਮੁਕਤੀ ਪ੍ਰਾਪਤ ਲਿਖੇ ਜਾਓ..... ਮੁਕਤੀ ਪ੍ਰਾਪਤ ਕੌਣ ਹੈ? ਉਹ ਜੋ ਵਿਸ਼ਵਾਸ ਰੱਖਦਾ ਹੈ ਕਿ ਰੱਬ ਸੱਚ ਹੈ ਅਤੇ ਮੁਹਮੱਦ ਸਲਲੱਾਹੋ ਅਲੈਹਿ ਵਸਲੱਮ ਉਸ (ਰੱਬ) ਵਿੱਚ ਅਤੇ ਸਾਰੀ ਮਖ਼ਲੂਕ ਵਿੱਚ ਸਿਫ਼ਾਰਸ਼ ਕਰਨ ਵਾਲੇ ਹਨ । ਅਤੇ ਅਕਾਸ਼ ਹੇਠ ਉਸਦੇ ਮਰਤਬੇ ਬਰਾਬਰ ਕੋਈ ਰਸੂਲ ਨਹੀਂ, ਕੁਰਆਨ ਮਜੀਦ ਦੇ ਬਰਾਬਰ ਕੋਈ ਹੋਰ ਕਿਤਾਬ ਨਹੀਂ । ਕਿਸੇ ਲਈ ਰੱਬ ਨੇ ਨਹੀਂ ਚਾਹਿਆ ਕਿ ਉਹ ਜੀਉਂਦਾ ਰਹੇ, ਪਰ ਇਹ ਬਜ਼ੁਰਗ ਨਬੀ ਹਮੇਸ਼ਾਂ ਲਈ ਜੀਉਂਦਾ ਹੈ ਅਤੇ ਉਸਦੇ ਹਮੇਸ਼ਾਂ ਜੀਉਂਦਾ ਰਹਿਣ ਲਈ ਰੱਬ ਨੇ ਇਹ ਨੀਂਹ ਪਾਈ ਹੈ ਕਿ ਉਸਦੀ ਸ਼ਰੀਅਤ ਦੇ ਲਾਭ ਅਤੇ ਆਤਮਕਤਾ ਨੂੰ ਕਯਾਮਤ (ਪ੍ਰਲੈ) ਤੱਕ ਜਾਰੀ ਰੱਖਿਆ"

(ਕਸ਼ਤੀ ਏ ਨੂਹ, ਰੂਹਾਨੀ ਖ਼ਜ਼ਾਇਨ, ਛਾਪਾ ਲੰਡਨ ਪੰਨਾ 13,14)

2. "ਹੇ ! ਧਰਤੀ ਉਪੱਰ ਵਸਦੇ ਸਾਰੇ ਲੋਕੋ! ਅਤੇ ਸਾਰੀ ਮਨੁੱਖੀ ਆਤਮਾਓ ਜੋ ਪੂਰਬ ਤੇ ਪਛੱਮ ਵਿੱਚ ਵਸਦੀਆਂ ਹੋ!! ਮੈਂ, ਪੂਰੇ ਬੱਲ ਨਾਲ ਆਪ ਨੂੰ ਇਸ ਵੱਲ ਸੱਦਾ ਦਿੰਦਾ ਹਾਂ ਕਿ ਹੁਣ ਧਰਤੀ ਉਪੱਰ ਸੱਚਾ ਧਰਮ ਕੇਵਲ ਇਸਲਾਮ ਹੈ ਅਤੇ ਸੱਚਾ ਖ਼ੁਦਾ ਵੀ ਉਹੋ ਖ਼ੁਦਾ ਹੈ ਜੋ ਕੁਰਆਨ

ਕਰੀਮ ਨੇ ਵਰਨਣ ਕੀਤਾ ਹੈ । ਹਮੇਸ਼ਾਂ ਦੇ ਰੂਹਾਨੀ ਜੀਵਨ ਵਾਲਾ ਨਬੀ , ਜਲਾਲ ਤੇ ਮਹਾਨਤਾ ਦੇ ਤਖ਼ਤ ਉਪੱਰ ਬੈਠਣ ਵਾਲੇ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੋ ਅਲੈਹਿ ਵਸਲੱਮ ਹਨ, ਜਿਸਦੇ ਰੂਹਾਨੀ ਜੀਵਨ ਤੇ ਪਾਕ ਜਲਾਲ ਦਾ ਸਾਨੂੰ ਇਹ ਪ੍ਰਮਾਣ ਮਿਲਿਆ ਹੈ ਕਿ ਉਸਦੀ ਪੈਰ੍ਹਵੀ ਤੇ ਪ੍ਰੇਮ ਨਾਲ ਅਸੀਂ ਰੂਹੁਲ ਕੁਦੁਸ (ਪਵਿੱਤਰ ਆਤਮਾ) ਤੇ ਰੱਬ ਨਾਲ ਕਲਾਮ ਅਤੇ ਆਕਾਸ਼ੀ ਪੁਰਸਕਾਰ ਪ੍ਰਾਪਤ ਕਰਦੇ ਹਾਂ''

(ਤਿਰਯਾਕੁਲ ਕੁਲੂਬ, ਰੂਹਾਨੀ ਖ਼ਜ਼ਾਇਨ ਛਾਪਾ ਲੰਡਨ ਪੰਨਾ 13)

3. ''ਉਹ ਕਾਮਲ ਦਰਜੇ ਦਾ ਨੂਰ ਜੋ ਮਨੁੱਖ ਨੂੰ ਦਿਤੱਾ ਗਿਆ ਅਰਥਾਤ ਕਾਮਲ ਮਨੁੱਖ ਨੂੰ, ਉਹ ਫ਼ਰਿਸ਼ਤਿਆਂ ਵਿੱਚ ਨਹੀਂ ਸੀ; ਉਹ ਤਾਰਿਆਂ ਵਿੱਚ ਨਹੀਂ ਸੀ; ਚੰਦਰਮਾ ਵਿੱਚ ਨਹੀਂ ਸੀ; ਸੂਰਜ ਵਿੱਚ ਨਹੀਂ ਸੀ; ਧਰਤੀ ਦੇ ਸਮੁੰਦਰਾਂ ਤੇ ਦਰਿਆਵਾਂ ਵਿੱਚ ਨਹੀਂ ਸੀ; ਉਹ ਲਾਲ, ਯਾਕੂਤ, ਜ਼ਮੁਰਦ ਤੇ ਬਹੁਮੁੱਲ ਹੀਰਿਆਂ ਤੇ ਜਵਾਹਰਾਂ ਵਿੱਚ ਨਹੀਂ ਸੀ । ਭਾਵ ਧਰਤੀ ਤੇ ਅਕਾਸ਼ ਦੀ ਕਿਸੇ ਵੀ ਚੀਜ਼ ਵਿੱਚ ਨਹੀਂ ਸੀ । ਕੇਵਲ ਮਨੁੱਖ ਵਿੱਚ ਸੀ ਅਰਥਾਤ ਕਾਮਲ ਇਨਸਾਨ ਵਿੱਚ । ਜਿਸਦੇ ਸਰਬਉਚ, ਸੰਪੂਰਨ, ਆਲਾ ਤੇ ਬੁਲੰਦ ਮਰਤਬੇ ਵਾਲੇ ਪੁਰੁੱਖ ਸਾਡੇ ਆਕਾ ਤੇ ਸਰਦਾਰ, ਸਾਰਿਆਂ ਨਬੀਆਂ ਦੇ ਸਰਦਾਰ ਮੁਹਮੱਦ ਮੁਸਤਫ਼ਾ ਸਲਲੱਾਹੋ ਅਲੈਹਿ ਵਸਲੱਮ ਹਨ।'' (ਆਈਨਾਏ ਕਮਾਲਾਤੇ ਇਸਲਾਮ, ਰੂਹਾਨੀ ਖ਼ਜ਼ਾਇਨ, ਭਾਗ-5, ਪੰਨਾ160-161)

4. ਈਸਾਈ ਮਿਸ਼ਨਰੀਆਂ ਨੇ ਸਾਡੇ ਰਸੂਲ ਸਲਲੱਾਹੋ ਅਲੈਹਿ ਵਸਲੱਮ ਦੇ ਖਿਲਾਫ਼ ਅਸੰਖ ਊਝਾਂ ਘੜੀਆਂ ਹਨ ..... ਮੇਰੇ ਮਨ ਨੂੰ ਕਿਸੇ ਚੀਜ਼ ਨੇ ਕਦੇ ਵੀ ਇੰਨਾ ਦੁੱਖ ਨਹੀਂ ਪਹੁੰਚਾਇਆ ਜਿੰਨਾ ਕਿ ਇਹਨਾਂ ਲੋਕਾਂ ਦੇ ਹਾਸੇ ਠੱਠੇ ਨੇ ਪਹੁੰਚਾਇਆ ਹੈ ਜੋ ਉਹ ਸਾਡੇ ਰਸੂਲ ਸਲਲੱਾਹੋ ਅਲੈਹਿ ਵਸਲੱਮ ਦੀ ਗ਼ੁਸਤਾਖ਼ੀ ਵਿੱਚ ਕਰਦੇ ਹਨ । ਉਹਨਾਂ ਦੇ ਮਨ ਨੂੰ ਛਲੱਣੀ ਕਰਨ

ਵਾਲੇ ਮਿਹਣੇ ਤੇ ਨੁਕਤਾ ਚੀਨੀਆਂ ਜੋ ਉਹ ਮਾਨਵ ਕਲਿਆਣਕਾਰੀ ਮੁਹਮੱਦ ਸਲਲੱਾਹੋ ਅਲੈਹਿ ਵਸਲੱਮ ਦੇ ਵਜੂਦ ਤੇ ਗੁਣਾ ਦੇ ਖ਼ਿਲਾਫ਼ ਕਰਦੇ ਹਨ। ਜਿੱਨਾ ਨੇ ਮੇਰੇ ਦਿਲ ਨੂੰ ਜ਼ਖ਼ਮੀ ਕਰ ਰੱਖਿਆ ਹੈ। ਰੱਬ ਦੀ ਸਹੁੰ ਜੇਕਰ ਮੇਰੀ ਸਾਰੀ ਸੰਤਾਨ ਤੇ ਸੰਤਾਨ ਦੀ ਸੰਤਾਨ, ਮੇਰੇ ਸਾਰੇ ਮਿਤੱਰ, ਮੇਰੇ ਸਾਰੇ ਸਹਾਇਕ ਅਤੇ ਮੇਰੇ ਆਪਣੇ ਮੇਰੀਆਂ ਅਖੱਾਂ ਦੇ ਸਾਹਮਣੇ ਕਤਲ ਕਰ ਦਿੱਤੇ ਜਾਣ ਅਤੇ ਮੇਰੇ ਆਪਣੇ ਅੰਗ ਹੱਥ ਪੈਰ੍ਹ ਵੱਢ ਦਿੱਤੇ ਜਾਣ, ਮੇਰੀਆਂ ਅੱਖਾਂ ਕੱਢ ਦਿੱਤੀਆਂ ਜਾਣ ਅਤੇ ਮੈਂ ਆਪਣੀਆਂ ਸਾਰੀਆਂ ਲੋੜਾਂ ਤੋਂ ਵਾਂਜਿਆਂ ਕਰ ਦਿੱਤਾ ਜਾਵਾਂ, ਮੈਂ ਆਪਣੀਆਂ ਸਾਰੀਆਂ ਖ਼ੁਸ਼ੀਆਂ ਗੁਆ ਬੈਠਾਂ ਤਾਂ ਇਹਨਾਂ ਸਾਰੀਆਂ ਗੱਲਾਂ ਦੇ ਟਾਕਰੇ 'ਤੇ ਵੀ ਮੇਰੇ ਲਈ ਇਹ ਦੁੱਖ ਭਾਰੀ ਹੈ ਕਿ ਰਸੂਲੇ ਕਰੀਮ ਸਲਲੱਾਹੋ ਅਲੈਹਿ ਵਸਲੱਮ ਉਪੱਰ ਅਜਿਹੇ ਨਾਪਾਕ ਹਮਲੇ ਕੀਤੇ ਜਾਣ। ਸੋ ! ਹੇ ਮੇਰੇ ਆਕਾਸ਼ੀ ਆਕਾ, ਤੂੰ ਸਾਡੇ ਤੇ ਆਪਣੀ ਮਿਹਰ ਦੀ ਰਹਿਮਤ ਤੇ ਕਿਰਪਾ ਦ੍ਰਿਸ਼ਟੀ ਰੱਖ ਅਤੇ ਸਾਨੂੰ ਇਸ ਵੱਡੀ ਮੁਸੀਬਤ ਤੋਂ ਮੁਕਤੀ ਪ੍ਰਦਾਨ ਕਰ।"

(ਅਨੁਵਾਦ ਅਰਬੀ ਪੰਗਤੀਆਂ, ਆਈਨਾਏ ਕਮਲਾਤੇ ਇਸਲਾਮ)

5. "ਉਸ ਖ਼ੁਦਾਵੰਦ ਕਰੀਮ ਦਾ ਹਜ਼ਾਰ ਹਜ਼ਾਰ ਸ਼ੁਕਰ ਹੈ ਜਿਸਨੇ ਅਜਿਹਾ ਧਰਮ ਸਾਨੂੰ ਬਖ਼ਸ਼ਿਆ ਹੈ ਜੋ ਖ਼ੁਦਾ-ਦਾਨੀ ਤੇ ਰੱਬ ਤਰਸੀ ਦਾ ਇਕ ਅਜਿਹਾ ਸਾਧਨ ਹੈ ਜਿਸਦੀ ਉਦਾਹਰਣ ਕਦੇ ਵੀ ਕਿਸੇ ਵੀ ਯੁੱਗ ਵਿੱਚ ਨਹੀਂ ਮਿਲਦੀ। ਉਸ ਮਾਸੂਮ ਨਬੀ ਉਪੱਰ ਹਜ਼ਾਰਾਂ ਹੀ ਦਰੂਦ ਜਿਸਦੇ ਰਾਹੀਂ ਅਸੀਂ ਇਸ ਪਾਕ ਧਰਮ ਵਿੱਚ ਦਾਖ਼ਲ ਹੋਏ ਅਤੇ ਹਜ਼ਾਰਾਂ ਹੀ ਰਹਿਮਤਾਂ ਉਸ ਨਬੀ ਕਰੀਮ ਦੇ ਸਾਥੀਆਂ ਉਪੱਰ ਜਿੰਨ੍ਹਾ ਨੇ ਆਪਣੇ ਲਹੂ ਨਾਲ ਇਸ ਬਾਗ਼ ਦੀ ਸਿੰਚਾਈ ਕੀਤੀ।"

(ਬ੍ਰਾਹੀਨ ਅਹਮਦੀਆ, ਪੰਜਵਾਂ ਭਾਗ, ਰੂਹਾਨੀ ਖ਼ਜ਼ਾਇਨ, ਭਾਗ 21, ਪੰਨਾ 25)

6. "ਮੈਂ ਹਮੇਸ਼ਾਂ ਹੀ ਹੈਰਾਨੀ ਭਰੀ ਦ੍ਰਿਸ਼ਟੀ ਨਾਲ ਦੇਖਦਾ ਹਾਂ ਕਿ ਇਹ ਅਰਬੀ ਨਬੀ ਜਿਸਦਾ ਨਾਂ ਮੁਹਮੱਦ ਹੈ (ਉਸ ਉਪੱਰ ਹਜ਼ਾਰਾਂ ਹੀ ਦਰੂਦ ਤੇ ਸਲਾਮ ) ਇਹ ਕਿੱਨ੍ਹੇ ਬੁਲੰਦ ਮਰਤਬੇ ਦਾ ਨਬੀ ਹੈ । ਉਸਦੇ ਬੁਲੰਦ ਮਰਤਬੇ ਦਾ ਅੰਤ ਨਹੀਂ ਹੋ ਸਕਦਾ । ਉਸਦੇ ਪਵਿੱਤਰ ਪ੍ਰਭਾਵ ਦਾ ਅੰਦਾਜ਼ਾ ਲਾਉਣਾਮਨੁੱਖ ਦਾ ਕੰਮ ਨਹੀਂ । ਪਰ ਦੁੱਖ ਦੀ ਗੱਲ ਹੈ ਕਿ ਜਿੰਨਾ ਹੱਕ ਉਸਨੂੰ ਸ਼ਨਾਖ਼ਤ ਕਰਨ ਦਾ ਸੀ, ਉਸਦੇ ਮਰਤਬੇ ਨੂੰ ਸ਼ਨਾਖ਼ਤ ਨਹੀਂ ਕੀਤਾ ਗਿਆ । ਉਹ ਤੌਹੀਦ (ਇਕ ਈਸ਼ਵਰਵਾਦ) ਜੋ ਦੁਨੀਆ ਵਿੱਚੋਂ ਅਲੋਪ ਹੋ ਚੁਕੀ ਸੀ, ਉਹੋ ਇਕ ਮਰਦੇ ਖ਼ੁਦਾ ਹੈ ਜੋ ਉਸਨੂੰ ਮੁੜ੍ਹ ਦੁਨੀਆ ਵਿੱਚ ਪਰਤਾ ਲਿਆਇਆ ..... ਅਸੀਂ ਕੀ ਚੀਜ਼ ਹਾਂ ਤੇ ਸਾਡੀ ਹਕੀਕਤ ਕੀ ਹੈ, ਅਸੀਂ ਇਹਨਾਂ ਨੇਮਤਾਂ ਦੇ ਇਨਕਾਰੀ ਹੋਵਾਂਗੇ ਜੇਕਰ ਅਸੀਂ ਇਸ ਗੱਲ ਦਾ ਇਕਰਾਰ ਨ ਕਰੀਏ ਕਿ ਹਕੀਕੀ ਤੌਹੀਦ ਅਸੀਂ ਕੇਵਲ ਇਸੇ ਨਬੀ ਤੋਂ ਪ੍ਰਾਪਤ ਕੀਤੀ ਹੈ ਅਤੇ ਜੀਉਂਦੇ ਰੱਬ ਦੀ ਸ਼ਨਾਖ਼ਤ ਸਾਨੂੰ ਇਸੇ ਕਾਮਲ ਨਬੀ ਰਾਹੀਂ ਤੇ ਇਸਦੇ ਨੂਰ ਰਾਹੀਂ ਮਿਲੀ ਹੈ । ਇਸੇ ਬਜ਼ੁਰਗ ਨਬੀ ਰਾਹੀਂ ਹੀ ਸਾਨੂੰ ਰੱਬ ਨਾਲ ਕਲਾਮ ਅਤੇ ਸੰਬੋਧਨ ਦਾ ਮੌਕਾ ਪ੍ਰਾਪਤ ਹੋਇਆ ਜਿਸ ਰਾਹੀਂ ਅਸੀਂ ਉਸਦਾ ਚਿਹਰਾ ਦੇਖਦੇ ਹਾਂ । ਉਸ ਸਿੱਖਿਆ ਦਾਇਕ ਸੂਰਜ ਦੀਆਂ ਕਿਰਣਾ ਧੁੱਪ ਵਾਂਗ ਸਾਡੇ'ਤੇ ਪੈਂਦੀਆਂ ਹਨ ਅਤੇ ਉਸੇ ਸਮੇਂ ਤੱਕ ਅਸੀਂ ਪ੍ਰਕਾਸ਼ਮਈ ਰਹਿ ਸਕਦੇ ਹਾਂ ਜੱਦ ਤੱਕ ਅਸੀਂ ਉਸਦੇ ਸਾਮ੍ਹਣੇ ਖੜੇ ਹਾਂ ।" (ਹਕੀਕੀਤੁਲ ਵਹੀ, ਰੂਹਾਨੀ ਖ਼ਜ਼ਾਇਨ ਭਾਗ 22, ਪੰਨਾ 119)

7. "ਦੁਨੀਆ ਵਿੱਚ ਕੇਵਲ ਦੋ ਜੀਵਨ ਪ੍ਰਸ਼ੰਸਾ ਯੋਗ ਹਨ । (1) ਇਕ ਉਹ ਜੀਵਨ ਜੋ ਆਪ ਸਦਾ ਸਲਾਮਤ ਤੇ ਹਰ ਇਕ ਲਾਭ ਦੇ ਸੋਮੇ ਰੱਬ ਦਾ ਜੀਵਨ ਹੈ । (2) ਦੂਸਰਾ ਜੀਵਨ ਉਹ ਜੀਵਨ ਹੈ ਜੋ ਫ਼ੈਜ਼ ਬਖ਼ਸ਼ ਤੇ ਖ਼ੁਦਾ ਨੁਮਾ ਹੋਵੇ । ਸੋ ਆਓ ਅਸੀਂ ਤੁਹਾਨੂੰ ਦਿਖਾਉਂਦੇ ਹਾਂ ਕਿ ਉਹ ਜੀਵਨ

ਕੇਵਲ ਸਾਡੇ ਨਬੀ ਕਰੀਮ ਸਲਲੱਾਹੋ ਅਲੈਹਿ ਵਸਲੱਮ ਦਾ ਜੀਵਨ ਹੈ ਜਿਸ 'ਤੇ ਹਰ ਇਕ ਜ਼ਮਾਨੇ ਵਿੱਚ ਅਕਾਸ਼ ਗਵਾਹੀ ਦਿੰਦਾ ਰਿਹਾ ਹੈ ਅਤੇ ਹੁਣ ਵੀ ਦਿੰਦਾ ਹੈ । ਚੇਤੇ ਰੱਖੋ ਜਿਸ ਵਿੱਚ ਉਦਾਰਤਾ ਨਹੀਂ ਉਹ ਮੁਰਦਾ ਹੈ ਨ ਕਿ ਜੀਉਂਦਾ । ਮੈਂ ਉਸ ਰੱਬ ਦੀ ਸਹੁੰ ਖਾਕੇ ਕਹਿੰਦਾਂ ਹਾਂ ਕਿ ਜਿਸਦਾ ਨਾਂ ਲੈਕੇ ਝੂਠ ਬੋਲਣਾ ਬਦਜ਼ਾਤੀ ਹੈ । ਰੱਬ ਨੇ ਮੈਂਨੂੰ ਮੇਰੇ ਬਜ਼ੁਰਗ ਜਿੰਨ੍ਹਾ ਦੀ ਆਗਿਆਕਾਰੀ ਲਾਜ਼ਮੀ ਹੈ, ਸਯੱਦਨਾ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੋ ਅਲੈਹਿ ਵਸਲੱਮ ਦੇ ਰੂਹਾਨੀ ਸਦੈਵੀ ਜੀਵਨ ਅਤੇ ਪੂਰੇ ਜਾਹੋ ਜਲਾਲ ਦਾ ਇਹ ਸਬੂਤ ਦਿਤੱਾ ਹੈ ਕਿ ਮੈਂ ਉਹਨਾਂ ਦੀ ਪੈਰ੍ਹਵੀ ਸਦਕਾ ਤੇ ਮੁਹਬੱਤ ਕਰਕੇ ਆਸਮਾਨੀ ਚਮਤਕਾਰਾਂ ਨੂੰ ਆਪਣੇ ਉਪੱਰ ਉਤਰਦਿਆਂ ਹੋਇਆਂ ਅਤੇ ਦਿਲ ਨੂੰ ਯਕੀਨ ਦੇ ਨੂਰ ਨਾਲ ਭਰਦਿਆਂ ਹੋਇਆਂ ਦੇਖਿਆ ਹੈ । ਅਨੇਕਾਂ ਹੀ ਗ਼ੈਬੀ ਨਿਸ਼ਾਨ (ਚਮਤਕਾਰ) ਦੇਖੇ ਕਿ ਇਹਨਾਂ ਖਿੜੇ ਹੋਏ ਨੂਰਾਂ ਰਾਹੀਂ ਮੈਂ ਆਪਣੇ ਰੱਬ ਨੂੰ ਦੇਖ ਲਿਆ ਹੈ।

(ਤਿਰਯਾਕੁਲ ਕੁਲੂਬ, ਰੂਹਾਨੀ ਖ਼ਜ਼ਾਇਨ, ਭਾਗ 12, ਪੰਨਾ 80)

8. ਜੱਦ ਅਸੀਂ ਇਨਸਾਫ਼ ਦੀ ਨਜ਼ਰ ਨਾਲ ਦੇਖਦੇ ਹਾਂ ਤਾਂ ਨਬੁਵੱਤ ਦੀ ਸੰਪੂਰਨ ਲੜੀ ਵਿੱਚ ਉਚਕੋਟਿ ਦਾ ਮਹਾਂਪੁਰੱਖ ਨਬੀ, ਜੀਉਂਦਾ ਨਬੀ ਅਤੇ ਰੱਬ ਦਾ ਆਲਾ ਤੇ ਪਿਆਰਾ ਕੇਵਲ ਇਕ ਮਰਦ ਨੂੰ ਜਾਣਦੇ ਹਾਂ ਅਰਥਾਤ ਉਹੋ ਨਬੀਆਂ ਦਾ ਸਰਦਾਰ, ਰਸੂਲਾਂ ਦਾ ਫ਼ਖਰ ਅਤੇ ਸਾਰੇ ਪੈਗ਼ੰਬਰਾਂ ਤੇ ਮੁਰਸਲਾਂ ਦਾ ਸਰਤਾਜ, ਜਿਸਦਾ ਨਾਂ ਮੁਹਮੱਦ ਮੁਸਤਫ਼ਾ ਅਹਮਦੇ ਮੁਜਤਬਾ ਸਲਲੱਾਹੋ ਅਲੈਹਿ ਵਸਲੱਮ ਹੈ । ਜਿਸਦੀ ਛਤਰ ਛਾਇਆ ਹੇਠ ਦਸ ਦਿਨ ਤੁਰਨ ਨਾਲ ਉਹ ਰੌਸ਼ਨੀ ਮਿਲਦੀ ਹੈ ਜੋ ਇਸ ਤੋਂ ਪਹਿਲਾਂ ਹਜ਼ਾਰਾਂ ਵਰ੍ਹਿਆਂ ਤੱਕ ਨਹੀਂ ਮਿਲ ਸਕਦੀ ਸੀ ।"

(ਸਿਰਾਜੇ ਮੁਨੀਰ, ਰੂਹਾਨੀ ਖ਼ਜ਼ਾਇਨ, ਭਾਗ 12, ਪੰਨਾ 80)

9. “ਸੁਮਾਰਗ ਕੇਵਲ ਦੀਨੇ ਇਸਲਾਮ ਹੈ ਅਤੇ ਹੁਣ ਅਕਾਸ਼ ਹੇਠ ਕੇਵਲ ਇਕ ਹੀ  ਨਬੀ ਅਤੇ ਇਕ ਹੀ ਕਿਤਾਬ ਹੈ । ਅਰਥਾਤ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੋ ਅਲੈਹਿ ਵਸਲੱਮ ਜੋ ਸਾਰੇ ਨਬੀਆਂ ਤੋਂ ਅਫ਼ਜ਼ਲ ਤੇ ਆਲਾ ਹਨ, ਸਾਰੇ ਹੀ ਰਸੂਲਾਂ ਤੋਂ ਸੰਪੂਰਨ ਤੇ ਉਰ ਹਨ, ਖ਼ਾਤਾਮੁਲ ਅੰਬਿਆ ਹਨ, ਖੈਰੁਨੱਾਸ ਹਨ, ਕਲਿਆਣਕਾਰੀ ਹਨ, ਜਿੰਨ੍ਹਾ ਦੀ ਪੈਰ੍ਹਵੀ ਨਾਲ ਰੱਬ ਮਿਲਦਾ ਹੈ, ਜ਼ੁਲਮ ਦੇ ਪਰਦੇ ਉਠ ਜਾਂਦੇ ਹਨ, ਇਸੇ ਸੰਸਾਰ ਵਿੱਚ ਮੁਕਤੀ ਦੇ ਲਛੱਣ ਪ੍ਰਗਟ ਹੁੰਦੇ ਹਨ ।”

(ਬ੍ਾਹੀਨ ਅਹਮਦੀਆ ਹਾਸ਼ੀਆ ਦਰ ਹਾਸ਼ੀਆ ਰੂਹਾਨੀ ਖ਼ਜ਼ਾਇਨ, ਭਾਗ 1, ਪੰਨਾ 557)

10. ਅਲੱਾਹ ਤਆਲਾ ਨੇ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਨੂੰ ਸਾਹਿਬੇ ਖ਼ਾਤਮ ਬਣਾਇਆ । ਅਰਥਾਤ ਆਪ ਨੂੰ ਉਤੱਮਤਾ ਤੇ ਸੰਪੂਰਨਤਾ ਦੀ ਮੁਹਰ ਦਿੱਤੀ ਜੋ ਕਿਸੇ ਹੋਰ ਨਬੀ ਨੂੰ ਨਹੀਂ ਦਿੱਤੀ ਗਈ । ਇਹਨਾ ਹੀ ਕਾਰਣਾ ਕਰਕੇ ਆਪ ਦਾ ਨਾਂ ‘ਖ਼ਾਤਾਮਨ ਨਬੀੱਯੀਨ’ ਰੱਖਿਆ ਗਿਆ । ਅਰਥਾਤ ਆਪ ਜੀ ਦੀ ਪੈਰ੍ਹਵੀ ਨਬੁਵੱਤ ਦੀ ਪੂਰਨਤਾ ਬਖ਼ਸ਼ਦੀ ਹੈ ਅਤੇ ਆਪ ਜੀ ਵੱਲ ਧਿਆਨ ਰੂਹਾਨੀ ਨਬੀ ਬਨਾਉਣ ਵਾਲਾ ਹੈ ਅਤੇ ਇਹ ਪਵਿੱਤਰ ਬਲ ਕਿਸੇ ਹੋਰ ਨਬੀ ਨੂੰ ਪ੍ਰਾਪਤ ਨਹੀਂ ਹੋਇਆ ।”

(ਹਕੀਕਾਤੁਲ ਵਹੀ ਰੂਹਾਨੀ ਖ਼ਜ਼ਾਇਨ, ਭਾਗ 22, ਪੰਨਾ 100, ਹਾਸ਼ੀਆ)

11. “ਮੂਰਖ ਤੇ ਨਾਦਾਨ ਲੋਕ ਕਹਿੰਦੇ ਹਨ ਕਿ ਈਸਾ ਅਲੈਹਿ ਸਲਾਮ ਅਕਾਸ਼ ਉਪੱਰ ਜੀਉਂਦੇ ਹਨ, ਜੱਦਕਿ ਜੀਉਂਦੇ ਹੋਣ ਦੀਆਂ ਅਲਾਮਤਾ ਤਾਂ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦੇ ਵਜੂਦ ਵਿੱਚ ਮਿਲਦੀਆਂ ਹਨ । ਉਹ ਰੱਬ ਜਿਸ ਨੂੰਦੁਨੀਆ ਨਹੀਂ ਜਾਣਦੀ ਅਸੀਂ ਉਸ ਰੱਬ ਨੂੰ ਇਸ ਨਬੀ ਰਾਹੀਂ ਦੇਖ ਲਿਆ ਹੈ । ਇਲਾਹੀ ਵਹੀ (ਆਕਾਸ਼ਬਾਣੀ, ਕਲਾਮੇ ਇਲਾਹੀ) ਦਾ ਦਰਵਾਜ਼ਾ ਜੋ ਹੋਰਨਾ ਕੌਮਾਂ ’ਤੇ ਬੰਦ ਹੈ ਕੇਵਲ ਸਾਡੇ ਉਸੇ

ਨਬੀ ਦੀ ਬਰਕਤ ਨਾਲ ਖੋਲਿਆ ਗਿਆ । ਉਹ ਚਮਤਕਾਰ ਜੋ ਦੂਸਰੇ ਧਰਮ ਕੇਵਲ ਕਿੱਸੇ ਕਹਾਣੀਆਂ ਵਾਂਗ ਵਰਨਣ ਕਰਦੇ ਹਨ । ਅਸੀਂ ਉਹ ਚਮਤਕਾਰ ਉਸ ਨਬੀ ਰਾਹੀਂ ਦੇਖ ਵੀ ਲਏ ਹਨ ਅਤੇ ਉਸ ਨਬੀ ਦਾ ਉਹ ਮਰਤਬਾ ਦੇਖਿਆ ਜਿਸਦੇ ਅੱਗੇ ਹੋਰ ਕੋਈ ਮਰਤਬਾ ਨਹੀਂ ਪਰ ਹੈਰਾਨੀ ਇਸ ਗੱਲ ਦੀ ਹੈ ਕਿ ਦੁਨੀਆ ਇਸ ਗੱਲ ਤੋਂ ਬੇਖ਼ਬਰ ਹੈ ।''

(ਚਸ਼ਮਾਏ ਮਸੀਹੀ, ਰੂਹਾਨੀ ਖ਼ਜ਼ਾਇਨ ਭਾਗ 20, ਪੰਨਾ 22)

12. ''ਸਾਡੇ ਧਰਮ ਦਾ ਸਾਰ ਤੇ ਮੂਲ ਮੁੱਦਾ ਇਹ ਹੈ, ''ਲਾ ਇਲਾਹਾ ਇਲਲੱਾਹੋ ਮੁਹਮੱਦੁਰ ਰਸੂਲੁਲੱਾਹ'' ਸਾਡੀ ਆਸਥਾ (ਅਕੀਦਾ) ਜੋ ਅਸੀਂ ਇਸ ਸੰਸਾਰਕ ਜੀਵਨ ਵਿੱਚ ਰੱਖਦੇ ਹਾਂ, ਜਿਸ ਦੇ ਨਾਲ ਅਸੀਂ ਰੱਬ ਦੀ ਅਪਾਰ ਕਿਰਪਾ ਤੇ ਬਲ ਸਦਕਾ ਇਸ ਸੰਸਾਰ ਵਿੱਚੋਂ ਕੂਚ ਕਰਨਾ ਹੈ ਉਹ ਇਹ ਹੈ ਕਿ ਹਜ਼ਰਤ ਸਯੱਦਨਾ ਵ ਮੌਲਾਨਾ ਮੁਹਮੱਦ ਮੁਸਤਫ਼ਾ ਸਲਲੱਾਹੋ ਅਲੈਹਿ ਵਸਲੱਮ ''ਖ਼ਾਤਾਮਨ ਨਬੀਯੀਨ ਵ ਖ਼ੈਰੁਲ ਮੁਰਸਲੀਨ'' ਹਨ । ਜਿੰਨ੍ਹਾ ਰਾਹੀਂ ਧਰਮ ਸੰਪੂਰਨ ਹੋ ਚੁੱਕਿਆ ਹੈ ਅਤੇ ਉਸ ਦੇ ਮਤਿ (ਧਰਮ) ਦਾ ਮਰਤਬੇ ਅਨੁਸਾਰ ਅੰਤ ਹੋ ਚੁਕਾ ਹੈ ਜਿਸਦੇ ਰਾਹੀਂ ਸੁਮਾਰਗ ਨੂੰ ਅਪਣਾਕੇ ਰੱਬ ਤੱਕ ਪਹੁੰਚ ਸਕਦਾ ਹੈ ।''

(ਅਜ਼ਾਲਾ ਔਹਾਮ, ਰੂਹਾਨੀ ਖ਼ਜ਼ਾਇਨ, ਭਾਗ 3, ਪੰਨਾ 170)

13. '' ਬੈਅਤ ਦੀਆਂ ਸ਼ਰਤਾਂ ਜਿੰਨ੍ਹਾ ਉਪੱਰ ਅਮਲ ਕਰਨ ਦਾ ਪ੍ਰਣ ਕਰਕੇ ਇਕ ਮਨੁੱਖ ਅਹਮਦੀਆ ਮੁਸਲਿਮ ਜਮਾਤ ਵਿੱਚ ਦਾਖ਼ਲ ਹੁੰਦਾ ਹੈ, ਉਸ ਵਿੱਚ ਇਕ ਸ਼ਰਤ ਇਹ ਵੀ ਹੈ ਕਿ, 'ਖ਼ੁਦਾ ਅਤੇ ਉਸਦੇ ਰਸੂਲ ਦੇ ਹੁਕਮ ਅਨੁਸਾਰ ਬਿਨਾਂ ਨਾਗੇ ਦੇ ਪੰਜ ਵੇਲੇ ਦੀਆਂ ਨਮਾਜ਼ਾਂ ਪੜ੍ਹਦਾ ਰਹੇਗਾ ਅਤੇ ਜਿੱਥੋਂ ਤੱਕ ਹੋ ਸਕੇ ਨਮਾਜ਼ ਤਹਜੁੱਦ (ਸਰਗੀ ਤੋਂ ਪਹਿਲਾਂ ਪੜ੍ਹੀ ਜਾਣ ਵਾਲੀ ਨਮਾਜ਼) ਪੜ੍ਹਨ, ਨਬੀ ਕਰੀਮ ਸਲਲੱਾਹੋ ਅਲੈਹਿ

ਵਸਲੱਮ ਤੇ ਦੁਰੂਦ ਭੇਜਣ, ਆਪਣੇ ਗੁਨਾਹਾਂ ਦੀ ਮਾਫ਼ੀ ਮੰਗਣ ਅਤੇ ਤੌਬਾ ਕਰਨ ਨੂੰ ਆਪਣਾ ਨਿਤ ਦਾ ਕਾਰਜ ਬਣਾਏਗਾ ਅਤੇ ਦਿਲੀ ਮੁਹਬੱਤ ਨਾਲ ਰੱਬ ਦੇ ਉਪਕਾਰਾਂ ਨੂੰ ਚੇਤੇ ਕਰਕੇ ਉਸਦੀ ਹਮਦ ਸਨਾ ਤੇ ਉਸਤਤੀ ਨੂੰ ਆਪਣਾ ਪ੍ਰਤੀ ਦਿਨ ਦਾ ਨਿਯੱਮ ਬਣਾਏਗਾ ।''

(ਇਸ਼ਤਿਹਾਰ 12 ਜਨਵਰੀ 1889 ਈ.)

14. ''ਇਕ ਵਿਅਕਤੀ ਨੇ ਬੈਅਤ ਕਰਨ ਮਗਰੋਂ ਹਜ਼ਰਤ ਬਾਨੀ ਜਮਾਤ ਅਹਮਦੀਆ ਅਲੈਹਿ ਸਲਾਮ ਦੀ ਸੇਵਾ ਵਿੱਚ ਬਿਨਤੀ ਕੀਤੀ ਕਿ ਹਜ਼ੂਰ ! ਮੈਨੂੰ ਕੋਈ ਵਜ਼ੀਫ਼ਾ ਦੱਸੋ । ਹਜ਼ੂਰ ਨੇ ਫ਼ਰਮਾਇਆ, 'ਨਮਾਜ਼ਾਂ ਨੂੰ ਸੁਆਰਕੇ ਪੜ੍ਹੋ ਕਿਉਂਕਿ ਸਾਰੀਆਂ ਔਕੜਾਂ ਦੀ ਕੁੰਜੀ ਇਹੋ ਹੈ ਅਤੇ ਇਸ ਵਿੱਚ ਪੂਰਨ ਆਨੰਦ ਅਤੇ ਖ਼ਜ਼ਾਨੇ ਭਰੇ ਹੋਏ ਹਨ । ਸੱਚੇ ਮਨ ਨਾਲ ਰੋਜ਼ੇ (ਵਰਤ) ਰੱਖੋ । ਦਾਨ ਦੱਖਿਣਾ ਕਰੋ। ਦੁਰੂਦ, ਇਸਤਗ਼ਫ਼ਾਰ ਤੇ ਖਿਮਾ ਯਾਚਨਾ ਕਰਦੇ ਰਿਹਾ ਕਰੋ ।''

(ਅਖ਼ਬਾਰ ਅਲ ਹਕਮ, ਭਾਗ 7, ਪਰਚਾ 28 ਫ਼ਰਵਰੀ 1903 ਈ.)

ਇਕ ਹੋਰ ਮਿਤੱਰ ਹਜ਼ਰਤ ਮੌਲਵੀ ਗ਼ੁਲਾਮ ਹੁਸੈਨ ਸਾਹਬ ਡੰਗੋਈ ਨੇ ਵੀ ਹਜ਼ੂਰ ਦੀ ਸੇਵਾ ਵਿੱਚ ਬਿਨਤੀ ਕੀਤੀ ਕਿ ਮੈਨੂੰ ਕੋਈ ਵਜ਼ੀਫ਼ਾ ਦੱਸੋ ਜੋ ਮੈਂ ਪੜ੍ਹਿਆ ਕਰਾਂ ਤਾਂ ਆਪ ਜੀ ਨੇ ਫ਼ਮਾਇਆ, ''ਸਾਡੇ ਕੋਲ ਤਾਂ ਅਜਿਹਾ ਕੋਈ ਵਜ਼ੀਫ਼ਾ ਨਹੀਂ ਹੈ, ਹਾਂ ! ਇਸਤਗ਼ਫ਼ਾਰ (ਬਖ਼ਸ਼ਿਸ਼ ਮੰਗਣੀ) ਬਹੁਤ ਕੀਤਾ ਕਰੋ ਅਤੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਉਪਕਾਰਾਂ ਨੂੰ ਚੇਤੇ ਕਰਕੇ ਆਪ ਉਪੱਰ ਅਤਿਅੰਤ ਦੁਰੂਦ ਭੇਜਿਆ ਕਰੋ । ਬਸ ਇਹੋ ਵਜ਼ੀਫ਼ਾ ਹੈ ।''

ਹਜ਼ਰਤ ਮਲਕ ਗ਼ੁਲਾਮ ਹੁਸੈਨ ਰੁਹਤਾਸੀ ਨੇ ਵਰਨਣ ਕੀਤਾ ਕਿ ਲਗਭਗ 1894 ਈ. ਦੇ ਸਾਲਾਨਾ ਜਲਸੇ ਦੇ ਮੌਕੇ 'ਤੇ ਜੱਦ ਮੈਂ ਕਾਦੀਆਂ

ਵਿੱਚ ਆਪਣੇ ਦੋ ਮਿਤੱਰਾਂ ਨਾਲ ਹਜ਼ੂਰ ਅਲੈਹਿ ਸਲਾਮ ਦੀ ਸੇਵਾ ਵਿੱਚ ਹਾਜ਼ਰ ਹੋਇਆ ਤਾਂ ਮੈਂ ਬਿਨਤੀ ਕੀਤੀ ਕਿ ਪਹਿਲਾਂ ਅਸੀਂ ਸ਼ੀਯਾ ਸੀ ਅਤੇ ਉਸ ਸਮੇਂ ਅਸੀਂ ਅਹਿਲੇ ਬੈਤ ਨਬਵੀ'ਤੇ ਬਹੁਤ ਦੁਰੂਦ ਭੇਜਦੇ ਸੀ ਹੁਣ ਕਿਹੜਾ ਦੁਰੂਦ ਪੜ੍ਹਿਆ ਕਰੀਏ । ਹਜ਼ੂਰ ਅਲੈਹਿ ਸਲਾਮ ਨੇ ਫ਼ਰਮਾਇਆ, "ਜੋ ਦੁਰੂਦ ਨਮਾਜ਼ਾਂ ਵਿੱਚ ਪੜ੍ਹਿਆ ਜਾਂਦਾ ਹੈ ਉਹੋ ਪੜ੍ਹਿਆ ਕਰੋ ।"

15. " ਬਦਕਿਸਮਤੀ ਨਾਲ ਅਹਮਦੀਆ ਮੁਸਲਿਮ ਜਮਾਤ ਦੇ ਵਿਰੋਧੀਆਂ ਵੱਲੋਂ ਜਮਾਤ'ਤੇ ਇਕ ਇਹ ਵੀ ਇਤਰਾਜ਼ ਕੀਤਾ ਜਾਂਦਾ ਹੈ ਕਿ ਅਹਮਦੀਆਂ ਦਾ ਦੁਰੂਦ ਵੀ ਵਖੱਰਾ ਹੈ, ਜੱਦ ਕਿ ਬਾਨੀ ਜਮਾਤ ਅਹਮਦੀਆ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਮਸੀਹ ਮਊਦ ਵ ਮਹਦੀ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ, "ਦੁਰੂਦ ਸ਼ਰੀਫ਼ ਉਹੋ ਬਿਹਤਰ ਹੈ ਜੋ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦਾ ਮੁਬਾਰਕ ਮੁੱਖਵਾਕ ਹੈ, ਅਤੇ ਉਹ ਇਹ ਹੈ :-

اَللّٰھُمَّ صَلِّ عَلٰی مُحَمَّدٍ وَّعَلٰی اٰلِ مُحَمَّدٍ کَمَا صَلَّیْتَ عَلٰی اِبْرَاھِیْمَ وَعَلٰی اٰلِ اِبْرَاھِیْمَ اِنَّکَ حَمِیْدٌ مَّجِیْدٌ ط اَللّٰھُمَّ بَارِکْ عَلٰی مُحَمَّدٍ وَّعَلٰی اٰلِ مُحَمَّدٍ کَمَا بَارَکْتَ عَلٰی اِبْرَاھِیْمَ وَعَلٰی اٰلِ اِبْرَاھِیْمَ اِنَّکَ حَمِیْدٌ مَّجِیْدٌ ط

ਅਲੱਾਹੁਮੱਾ ਸੱਲਿ ਅਲਾ ਮੁਹਮੱਾਦਿੰਵ ਵ ਅਲਾ ਆਲਿ ਮੁਹਮੱਾਦਿਨ ਕਮਾ ਸੱਲੈਤਾ ਅਲਾ ਇਬਰਾਹੀਮਾ ਵ ਅਲਾ ਆਲਿ ਇਬਰਾਹੀਮਾ ਇਨੱਾਕਾ ਹਮੀਦੁੰਮ ਮਜੀਦ । ਅਲੱਾਹੁਮੱਾ ਬਾਰਿਕ ਅਲਾ ਮੁਹਮੱਦਿੰਵ ਵ ਅਲਾ ਆਲਿ ਮੁਹਮੱਾਦਿਨ ਕਮਾ ਬਾਰਕਤਾ ਅਲਾ ਇਬਰਾਹੀਮਾ ਵ ਅਲਾ ਆਲਿ ਇਬਾਰਹੀਮਾ ਇਨੱਾਕਾ ਹਮੀਦੁੰਮ ਮਜੀਦ ।

ਦੁਰੂਦ ਸ਼ਰੀਫ਼ ਦੀਆਂ ਸਾਰੀਆਂ ਕਿਸਮਾਂ'ਚੋਂ ਇਹੋ ਦੁਰੂਦ ਸ਼ਰੀਫ਼ ਜ਼ਿਆਦਾ ਮੁਬਾਰਕ ਹੈ।" (ਮਕਤੂਬਾਤੇ ਅਹਮਦ ਭਾਗ ਪਹਿਲਾ ਪੰਨਾ 18 )

# ਕਲਾਮ

# ਹਜ਼ਰਤ ਅਕਦਸ ਮਸੀਹ ਮਊਦ ਅਲੈਹਿ ਸਲਾਮ

ਵੋਹ ਪੇਸ਼ਵਾ ਹਮਾਰਾ ਜਿਸ ਸੇ ਹੈ ਨੂਰ ਸਾਰਾ।
ਨਾਮ ਉਸ ਕਾ ਹੈ ਮੁਹਮੱਦ ਦਿਲਬਰ ਮਿਰਾ ਯਹੀ ਹੈ ।।
ਸਬ ਪਾਕ ਹੈਂ ਪਯੰਬਰ ਇਕ ਦੂਸਰੇ ਸੇ ਬਿਹਤਰ।
ਲੇਕ ਅਜ਼ ਖ਼ੁਦਾਏ ਬਰਤਰ ਖ਼ੈਰੁਲ ਵਰਾ ਯਹੀ ਹੈ ।।
ਪਹਲੇ ਤੋ ਰਾਹ ਮੇਂ ਹਾਰੇ ਪਾਰ ਉਸ ਨੇ ਹੈਂ ਉਤਾਰੇ।
ਮੈਂ ਜਾਊਂ ਉਸਕੇ ਵਾਰੇ ਬਸ ਨਾ ਖ਼ੁਦਾ ਯਹੀ ਹੈ ।।
ਵੁਹ ਯਾਰੇ ਲਾ ਮਕਾਨੀ ਵੁਹ ਦਿਲਬਰੇ ਨਿਹਾਨੀ।
ਦੇਖਾ ਹੈ ਹਮਨੇ ਉਸ ਸੇ ਬਸ ਰਹ ਨੁਮਾ ਯਹੀ ਹੈ ।।
ਵੋਹ ਆਜ ਸ਼ਾਹੇ ਦੀਂ ਹੈ ਵੋਹ ਤਾਜੇ ਮੁਰਸਲੀਂ ਹੈ।
ਵੋਹ ਤਯੱਬੋ ਅਮੀਂ ਹੈ ਉਸ ਕੀ ਸਨਾ ਯਹੀ ਹੈ ।।
ਉਸ ਨੂਰ ਪਰ ਫ਼ਿਦਾ ਹੂੰ ਉਸਕਾ ਹੀ ਮੈਂ ਹੁਆ ਹੂੰ।
ਵੋਹ ਹੈ ਮੈਂ ਚੀਜ਼ ਕਯਾ ਹੂੰ ਬਸ ਫ਼ੈਸਲਾ ਯਹੀ ਹੈ ।।
ਸਬ ਹਮਨੇ ਉਸ ਸੇ ਪਾਯਾ ਸ਼ਾਹਿਦ ਹੈ ਤੂ ਖ਼ੁਦਾਯਾ।
ਵੋਹ ਜਿਸ ਨੇ ਹੱਕ ਦਿਖਾਯਾ ਵੋਹ ਮਹਿ ਲਿਕਾ ਯਹੀ ਹੈ ।।